# ਵਰਨ-ਮਾਲਾ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |
| | | ਲ਼ | | |

Scanned by CamScanner

2.

# ਲਗਾਂ

| ਕ੍ਰਮ ਨੰ. | ਨਾਂ | ਚਿੰਨ੍ਹ | ਉਦਾਹਰਨ |
| --- | --- | --- | --- |
| 1. | ਮੁਕਤਾ | ਕੋਈ ਚਿੰਨ੍ਹ ਨਹੀਂ | ਸਰਦ, ਸਬਰ, ਸਤਰ |
| 2. | ਕੰਨਾ | ਾ | ਸਾਲ, ਸਾਥ, ਸਾਫ਼ |
| 3. | ਸਿਹਾਰੀ | ਿ | ਸਿਰ, ਸਿੱਕਾ, ਗਿਣ |
| 4. | ਬਿਹਾਰੀ | ੀ | ਸੀਮਾ, ਸ਼ੀਲਾ, ਸੀਸ |
| 5. | ਔਂਕੜ | ੁ | ਹੁਣ, ਸੁਣ, ਸੁਰ |
| 6. | ਦੁਲੈਂਕੜ | ੂ | ਸੂਰਮਾ, ਸੂਤ, ਸੂਚੀ |
| 7. | ਲਾਂ | ੇ | ਸੇਵਾ, ਸੇਕ, ਸੇਵਕ |
| 8. | ਦੁਲਾਵਾਂ | ੈ | ਸੈਰ, ਸੈਨਾ, ਸੈਨਤ |
| 9. | ਹੋੜਾ | ੋ | ਸੋਹਣਾ, ਸੋਚ, ਸੋਨਾ |
| 10. | ਕਨੌੜਾ | ੌ | ਸੌ, ਸੌਖਾ, ਸੌੜਾ |

## ਲਗਾਖਰ

| | | | |
| --- | --- | --- | --- |
| 1. | ਬਿੰਦੀ | ਂ | ਗੇਂਦ, ਗਾਂ, ਨੀਂਦ |
| 2. | ਟਿੱਪੀ | ੰ | ਸੰਗ, ਸੰਦ, ਚੰਦ |
| 3. | ਅਧਕ | ੱ | ਸੱਚ, ਪੱਤਾ, ਮੱਕੀ |

Scanned by CamScanner

# ਸ਼ਬਦ-ਬੋਧ

ਧੁਨੀਆਂ ਅਤੇ ਲਗਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ, ਜਿਵੇਂ : ਕ, ਲ ਅਤੇ ਮ ਦੇ ਮੇਲ ਤੋਂ 'ਕਲਮ' ਬਣਦਾ ਹੈ। ਅੱਖਰਾਂ ਦੇ ਉਸ ਇਕੱਠ ਨੂੰ ਸ਼ਬਦ ਆਖਦੇ ਹਨ, ਜਿਸ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਭਾਵ ਦਾ ਅਰਥ ਪ੍ਰਗਟ ਹੋਵੇ। ਮੂਲ ਰੂਪ ਵਿੱਚ ਸ਼ਬਦ ਦੋ ਤਰ੍ਹਾਂ ਦੇ ਹਨ:
(ੳ) ਸਾਰਥਕ ਸ਼ਬਦ (ਅ) ਨਿਰਾਰਥਕ ਸ਼ਬਦ।

(ੳ) ਸਾਰਥਕ ਸ਼ਬਦ :- ਉਹ ਸ਼ਬਦ ਹਨ, ਜਿਨ੍ਹਾਂ ਦਾ ਕੋਈ ਅਰਥ ਹੁੰਦਾ ਹੈ ਅਤੇ ਜਿਨ੍ਹਾਂ ਸ਼ਬਦਾਂ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਕੰਮ ਵੱਲ ਸੰਕੇਤ ਗਿਆ ਹੁੰਦਾ ਹੈ।

(ਅ) ਨਿਰਾਰਥਕ ਸ਼ਬਦ :- ਉਹ ਸ਼ਬਦ ਜਿਨ੍ਹਾਂ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ ਪਰੰਤੂ ਸਾਰਥਕ ਸ਼ਬਦਾਂ ਦੇ ਨਾਲ਼ ਆ ਕੇ ਉਹਨਾਂ ਦੇ ਅਰਥਾਂ ਦਾ ਵਿਸਥਾਰ ਕਰਦੇ ਹਨ, ਜਿਵੇਂ: ਪਾਣੀ-ਧਾਣੀ, ਰੋਟੀ-ਰਾਟੀ, ਕੱਪੜਾ-ਕੁੱਪੜਾ ਆਦਿ। ਇਸ ਵਿੱਚ ਪਾਣੀ, ਰੋਟੀ ਅਤੇ ਕੱਪੜਾ ਸਾਰਥਕ ਸ਼ਬਦ ਹਨ ਅਤੇ ਧਾਣੀ, ਰਾਟੀ ਅਤੇ ਕੁੱਪੜਾ ਨਿਰਾਰਥਕ ਸ਼ਬਦ ਹਨ। ਨਿਰਾਰਥਕ ਸ਼ਬਦ ਆਮ ਬੋਲ-ਚਾਲ ਦੀ ਭਾਸ਼ਾ ਦੇ ਸ਼ਬਦ ਹਨ।

ਸਾਰਥਕ ਸ਼ਬਦ ਅੱਠ ਪ੍ਰਕਾਰ ਦੇ ਹੁੰਦੇ ਹਨ :-
1. ਨਾਂਵ 2. ਪੜਨਾਂਵ 3. ਵਿਸ਼ੇਸ਼ਣ 4. ਕਿਰਿਆ
5. ਕਿਰਿਆ-ਵਿਸ਼ੇਸ਼ਣ 6. ਸੰਬੰਧਕ 7. ਯੋਜਕ 8. ਵਿਸਮਿਕ

ਜਗਤਾਰ ਸਿੰਘ ਜੋਸ਼ੀ

Scanned by CamScanner

5.

# ਵਾਕ - ਬੋਧ

ਧੁਨੀ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਹੈ। ਧੁਨੀਆਂ ਤੋਂ ਸ਼ਬਦ ਬਣਦੇ ਹਨ ਅਤੇ ਸ਼ਬਦਾਂ ਤੋਂ ਵਾਕ। ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਵਾਕ ਹੈ। ਵਾਕ ਸ਼ਬਦਾਂ ਦੇ ਉਸ ਸਮੂਹ ਨੂੰ ਆਖਦੇ ਹਨ, ਜਿਸ ਤੋਂ ਕੋਈ ਭਾਵ ਨਿਕਲਦਾ ਹੋਵੇ। ਵਾਕ ਦੀ ਵੰਡ ਦੋ ਤਰ੍ਹਾਂ ਨਾਲ਼ ਕੀਤੀ ਜਾਂਦੀ ਹੈ। ਪਹਿਲੀ ਤਰ੍ਹਾਂ ਦੀ ਵੰਡ ਇਸ ਤਰ੍ਹਾਂ ਹੈ : 1. ਸਧਾਰਨ ਵਾਕ 2. ਮਿਸ਼ਰਤ ਵਾਕ 3. ਸੰਯੁਕਤ ਵਾਕ।

● ਸਧਾਰਨ ਵਾਕ - ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ, ਜਿਵੇ: ਬੱਚਾ ਰੋ ਰਿਹਾ ਹੈ। ਲੜਕਾ ਖੇਡਦਾ ਹੈ।

● ਮਿਸ਼ਰਤ ਵਾਕ- ਦੋ ਸਧਾਰਨ ਵਾਕਾਂ ਦੇ ਜੁੜਨ ਨਾਲ਼ ਉਹ ਵਾਕ, ਜਿਸ ਵਿੱਚ ਇੱਕ ਪ੍ਰਧਾਨ ਉਪਵਾਕ ਅਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਹੁੰਦੇ ਹਨ, ਜਿਵੇਂ : ਭਾਰਤ ਦੀ ਹਾਕੀ ਟੀਮ ਖ਼ੁਸ਼ ਹੈ ਕਿਉਂਕਿ ਉਹਨਾਂ ਨੇ ਮੈਚ ਜਿੱਤ ਲਿਆ ਹੈ।

● ਸੰਯੁਕਤ ਵਾਕ - ਜਦੋਂ ਦੋ ਜਾਂ ਦੋ ਤੋਂ ਵਧੇਰੇ ਉਪਵਾਕਾਂ ਨੂੰ ਸਮਾਨ ਯੋਜਕਾਂ ਨਾਲ਼ ਜੋੜ ਕੇ ਇੱਕ ਵਾਕ ਬਣਾਇਆ ਜਾਂਵੇ ਅਤੇ ਕੋਈ ਉਪਵਾਕ ਇੱਕ ਦੂਜੇ ਉੱਤੇ ਆਧਾਰਿਤ ਨਾ ਹੋਵੇ, ਜਿਵੇਂ : ਮੋਹਨ ਨੇ ਗੀਤ ਗਾਇਆ ਅਤੇ ਸੋਹਨ ਨੇ ਕਵਿਤਾ ਪੜ੍ਹੀ।

ਦੂਜੀ ਪ੍ਰਕਾਰ ਦੀ ਵਾਕ ਵੰਡ ਇਸ ਤਰ੍ਹਾਂ ਹੈ :

1. ਹਾਂ - ਵਾਚਕ ਵਾਕ 2. ਨਾਂਹ - ਵਾਚਕ ਵਾਕ
3. ਪ੍ਰਸ਼ਨ - ਵਾਚਕ ਵਾਕ 4. ਵਿਸਮੈ- ਵਾਚਕ ਵਾਕ।

* ਹਾਂ- ਵਾਚਕ ਵਾਕ- ਜਿਸ ਵਾਕ ਵਿੱਚ ਕਿਰਿਆ ਹਾਂ - ਵਾਚਕ ਹੋਵੇ, ਜਿਵੇਂ : ਮੈਂ ਸਕੂਲ ਜਾ ਰਿਹਾ ਹਾਂ।

* ਨਾਂਹ- ਵਾਚਕ ਵਾਕ - ਜਿਸ ਵਾਕ ਵਿੱਚ ਕਿਰਿਆ

ਪਰਤੋ ਜੀ

Scanned by CamScanner

ਨਾਂਹ-ਵਾਚਕ ਹੋਵੇ, ਜਿਵੇਂ: ਜੇ ਮਿਹਨਤ ਨਹੀ ਕਰੋਗੇ ਤਾਂ ਪਾਸ ਨਹੀਂ ਹੋਵੋਗੇ।

* ਪ੍ਰਸ਼ਨ-ਵਾਚਕ ਵਾਕ: ਜਿਸ ਵਾਕ ਵਿੱਚ ਕੋਈ ਸਵਾਲ ਜਾਂ ਪ੍ਰਸ਼ਨ ਪੁੱਛਿਆ ਗਿਆ ਹੋਵੇ। ਅਜਿਹੇ ਵਾਕਾਂ ਵਿੱਚ ਆਮ ਤੌਰ ਤੇ 'ਕੀ', 'ਕਿਉਂ', 'ਕਿਵੇਂ', 'ਕਿਹੜਾ', ਕਿੱਥੇ ਆਦਿ ਸ਼ਬਦਾਂ ਦੀ ਵਰਤੋਂ ਹੁੰਦੀ ਹੈ ਅਤੇ ਵਾਕ ਦੇ ਅੰਤ ਵਿੱਚ ਪ੍ਰਸ਼ਨ ਚਿੰਨ੍ਹ (?) ਲੱਗਦਾ ਹੈ।

ਕਿਤਾਬਾਂ ਕਿੱਥੋਂ ਮਿਲਦੀਆਂ ਹਨ?

*ਵਿਸਮੈਂ-ਵਾਚਕ ਵਾਕ: ਜਿਸ ਵਾਕ ਵਿੱਚ ਹੈਰਾਨੀ ਜਾਂ ਵਿਸਮੈਂ ਦਾ ਭਾਵ ਪ੍ਰਗਟ ਹੋਵੇ। ਵਾਕ ਦੇ ਅੰਤ ਵਿੱਚ ਵਿਸਮਿਕ ਚਿੰਨ (!) ਦੀ ਵਰਤੋਂ ਹੁੰਦੀ ਹੈ।

ਆਹ, ਕਿੰਨਾ ਸੋਹਣਾ ਫੁੱਲ ਹੈ!

ਕਾਸ਼, ਮੈਂ ਵੀ ਪੜ੍ਹਿਆ ਹੁੰਦਾ!



Scanned by CamScanner

# ਪੰਜਾਬੀ ਭਾਸ਼ਾ (ਗੁਰਮੁਖੀ) ਲਿਪੀ ਵਿੱਚ ਸਥਾਨਾਂ, ਸ਼ਹਿਰਾਂ, ਪਿੰਡਾਂ, ਵਿਅਕਤੀਆਂ ਆਦਿ ਦੇ ਨਾਵਾਂ ਨੂੰ ਤਰਤੀਬ ਦੇਣ ਲਈ ਕਿਵੇਂ ਲਿਖਿਆ ਜਾਵੇਗਾ :

## ਪੰਜਾਬੀ ਵਰਨਮਾਲਾ

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

## ਲਗਾਂ

ਮੁਕਤਾ
ਾ ਕੰਨਾ
ਿ ਸਿਹਾਰੀ
ੀ ਬਿਹਾਰੀ
ੁ ਔਂਕੜ
ੂ ਦੁਲੈਂਕੜ
ੇ ਲਾਂ
ੈ ਦੁਲਾਵਾਂ
ੋ ਹੋੜਾ
ੌ ਕਨੌੜਾ

## ਲਗਾਖਰ : ਅੱਧਕ ੱ, ਬਿੰਦੀ ਂ, ਟਿੱਪੀ ੰ

ਸ਼ਹਿਰਾਂ, ਸਥਾਨਾਂ, ਵਿਅਕਤੀਆਂ ਆਦਿ ਦੇ ਨਾਵਾਂ ਨੂੰ ਤਰਤੀਬ ਅਨੁਸਾਰ ਲਿਖਣ ਸਮੇਂ ਪਹਿਲਾਂ ਵਰਨਮਾਲਾ ਨੂੰ ਵਾਚਿਆ ਜਾਂਦਾ ਹੈ ਅਤੇ ਫਿਰ ਇਸੇ ਤਰਤੀਬ ਕ੍ਰਮ ਵਿੱਚ ਹੀ ਲਿਖਿਆ ਜਾਂਦਾ ਹੈ ਪਰ ਜੇਕਰ ਵਿੱਚ ਪੈਰ ਵਿੱਚ ਬਿੰਦੀ ਵਾਲੇ ਅੱਖਰਾਂ ਨਾਲ਼ ਸ਼ੁਰੂ ਹੁੰਦੇ ਸ਼ਬਦ ਆ ਜਾਣ ਤਾਂ ਪੈਰ ਵਿੱਚ ਬਿੰਦੀ ਵਾਲ਼ੇ ਅੱਖਰ ਜਿੱਥੇ ਅੱਖਰ ਦਾ ਕ੍ਰਮ ਆਉਂਦਾ ਹੈ, ਉੱਥੇ ਹੀ ਉਸ ਅੱਖਰ ਤੋਂ ਬਾਅਦ ਆਉਣਗੇ, ਜਿਵੇਂ ਸ ਸ਼, ਖ ਖ਼, ਗ ਗ਼, ਜ ਜ਼, ਫ ਫ਼, ਲ ਲ਼।

ਅੱਧਕ, ਬਿੰਦੀ, ਟਿੱਪੀ ਵਾਲ਼ੇ ਅੱਖਰ ਆਮ ਅੱਖਰ ਤੋਂ ਬਾਅਦ ਜਿੱਥੇ ਜਿੱਥੇ ਕ੍ਰਮ ਆਉਂਦਾ ਹੈ ਉੱਥੇ ਹੀ ਉਸ ਤੋਂ ਬਾਅਦ ਅੱਧਕ (ੱ), ਬਿੰਦੀ (ਂ), ਟਿੱਪੀ (ੰ) ਆਉਂਦੇ ਹਨ।

ਅੱਖਰ ਤੋਂ ਬਾਦ ਪੈਰ ਵਿੱਚ ਬਿੰਦੀ ਵਾਲ਼ੇ ਫਿਰ ਲਗਾਖਰ ਲੱਗਣ ਵਾਲ਼ੇ ਅਤੇ ਫਿਰ ਲਗਾਂ ਵਾਲ਼ੇ।

ਜਗਤਾਰ ਸਿੰਘ ਸੋਖੀ

Scanned by CamScanner

ਬਹੁਤ ਲੋਕ ਪੰਜਾਬੀ ਭਾਸ਼ਾ ਦੇ ਉਚਾਰਨ ਸਮੇਂ 'ਜ' ਦੀ ਥਾਂ 'ਜ਼' ਨੂੰ ਵਰਤ ਰਹੇ ਹਨ, ਸਹੀ ਸ਼ਬਦ-ਜੋੜ ਅਤੇ ਉਚਾਰਨ ਇਸ ਤਰਾਂ ਹੈ -

ਤਰਜਮਾ, ਮਜਾਲ, ਰਿਵਾਜ, ਤਰਜਮਾਨੀ, ਤਰਜੀਹ, ਹਿਜਰੀ, ਜੁਰਮ, ਜੁਰਅਤ, ਖੰਜਰ, ਹੁਜਰਾ, ਜਿੰਦੜੀ, ਜਹਾਲਤ, ਜਾਬਰ, ਜਬਰ, ਜਫ਼ਾ, ਜਮਹੂਰੀ, ਜਹਾਦ, ਜੁੰਬਸ, ਸਜਰ, ਜੈਗਾਲ, ਜਜਮਾਨ, ਜਾਹਲ, ਜੁਮਾ, ਜੁਮੇਰਾਤ, ਹਿਜਰ, ਹੁੱਜਤ, ਹੁਜਮ, ਮਿਜ਼ਾਜ, ਇਜਾਜ਼ਤ, ਮੁਜਰਮ, ਮਜਮਾ, ਹਜਾਮਤ, ਹਰਜਾ, ਹਰਜਾਨਾ, ਮਜਬੂਰ, ਹਿਜਰਤ, ਨੈਗੇਜ, ਹਜੂਮ, ਅਜੀਬ, ਜੁਰਾਬ, ਤਜਰਬਾ, ਉਜਰ, ਜਰਜਰਾ, ਜੇਰਾ, ਜੰਨਤ, ਅੰਜਾਮ, ਜ਼ੰਜੀਰ, ਅਜੂਬਾ, ਵੰਸਜ, ਅਰਜੋਈ, ਵਜੂਦ, ਅਵਾਜਾਰ, ਜਜ਼ੀਰਾ, ਨਾਜ, ਨਾਜਿਮ, ਫਜੂਲ, ਤਜਵੀਜ਼, ਤਜਾਰਤ, ਤਾਜਰ, ਕਾਬਿਜ, ਮਜਦੂਰ, ਮਜਾਰ, ਮਜਾਲ, ਪਾਜਾਮਾ, ਮਰੀਜ, ਜਜੁਰਵੇਦ, ਕਾਜਲ ਆਦਿ।

ਜਗਤਾਰ ਸਿੰਘ ਸੋਖੀ

Scanned by CamScanner

# ਵਚਨ

ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ। ਪੰਜਾਬੀ ਵਿੱਚ ਵਚਨ ਦੋ ਪ੍ਰਕਾਰ ਦੇ ਹਨ: 1.ਇੱਕ ਵਚਨ 2.ਬਹੁ ਵਚਨ

ਇੱਕ ਵਚਨ :- ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਪਤਾ ਲੱਗੇ, ਜਿਵੇਂ : ਕੁੜੀ, ਕਿਤਾਬ, ਜਮਾਤ।

ਬਹੁ ਵਚਨ :- ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤੂਆਂ, ਸਥਾਨਾਂ ਆਦਿ ਦਾ ਗਿਆਨ ਹੋਵੇ, ਉਸ ਨੂੰ ਬਹੁ-ਵਚਨ ਆਖਦੇ ਹਨ, ਜਿਵੇਂ: ਕੁੜੀਆਂ, ਕਿਤਾਬਾਂ, ਜਮਾਤਾਂ।

ਸ਼ਬਦ ਦੇ ਇੱਕ ਵਚਨ ਤੋਂ ਬਹੁ ਵਚਨ ਬਣਾਉਣ ਦੇ ਨਿਯਮ:

1. ਜਿਸ ਇੱਕ ਵਚਨ ਪੁਲਿੰਗ ਸ਼ਬਦੇ ਅੰਤ ਵਿੱਚ ਕੰਨਾ (ਾ) ਹੋਵੇ ਉਸ ਦਾ ਬਹੁਵਚਨ ਅੰਤ ਵਾਲ਼ੇ ਕੰਨੇ ਦੀ ਥਾਂ ਲਾਂ (ੇ) ਲਾ ਕੇ ਬਣਦਾ ਹੈ, ਜਿਵੇਂ : ਚੂਹਾ - ਚੂਹੇ, ਰੱਸਾ - ਰੱਸੇ, ਚਰਖਾ - ਚਰਖੇ, ਮੁੰਡਾ - ਮੁੰਡੇ, ਪੱਤਾ - ਪੱਤੇ।
2. ਜਿਸ ਇੱਕ ਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਬਿਹਾਰੀ (ੀ) ਲੱਗੀ ਹੁੰਦੀ ਹੈ ਉਸ ਸ਼ਬਦ ਦੇ ਅੰਤ ਵਿੱਚ 'ਆਂ' ਲਾ ਕੇ ਬਹੁ ਵਚਨ ਬਣਦਾ ਹੈ, ਜਿਵੇ : ਤੀਵੀਂ - ਤੀਵੀਆਂ, ਕਲੀ - ਕਲੀਆਂ, ਧੀ - ਧੀਆਂ।
3. ਜਿਸ ਇੱਕ ਵਚਨ ਇਸਤਰੀ-ਲਿੰਗ ਸ਼ਬਦ ਦੇ ਅੰਤ ਵਿੱਚ ਕੰਨਾ ਜਾਂ ਕੰਨੇ ਉੱਤੇ ਬਿੰਦੀ (ਾਂ) ਹੋਵੇ ਉਸ ਦਾ ਬਹੁ-ਵਚਨ 'ਵਾਂ' ਲਾ ਕੇ ਬਣਦਾ ਹੈ, ਜਿਵੇਂ : ਮਾਂ - ਮਾਵਾਂ, ਭਰਾ - ਭਰਾਵਾਂ, ਦਰਿਆ - ਦਰਿਆਵਾਂ

Scanned by CamScanner

4. ਜਿਸ ਇੱਕ ਵਚਨ ਸ਼ਬਦ ਦੇ ਅੰਤ ਵਿੱਚ ਮੁਕਤਾ ਅੱਖਰ ਹੋਵੇ ਉਸ ਦਾ ਬਹੁ ਵਚਨ ਰੂਪ ਕੰਨੇ ਉੱਤੇ ਬਿੰਦੀ (ਾਂ) ਲਾ ਕੇ ਬਣਦਾ ਹੈ, ਜਿਵੇਂ :
ਪੁਸਤਕ-ਪੁਸਤਕਾਂ, ਸ਼ੇਰ-ਸ਼ੇਰਾਂ, ਇੱਟ -ਇੱਟਾਂ ।

5. ਜਿਸ ਇੱਕ ਵਚਨ ਸ਼ਬਦ ਦੇ ਅੰਤ ਵਿੱਚ ਦੁਲਾਵਾਂ (ੈ), ਦੁਲੈਂਕੜ (ੂ), ਹੋੜਾ (ੋ) ਹੋਵੇ ਉਸ ਦਾ ਬਹੁ ਵਚਨ ਰੂਪ ਅੰਤ (ਆਂ) ਲਾ ਕੇ ਬਣਦਾ ਹੈ, ਜਿਵੇਂ : ਕੈ-ਕੈਆਂ, ਲੋ-ਲੋਆਂ, ਗਊ - ਗਊਆਂ ।

6. ਪੰਜਾਬੀ ਵਿੱਚ ਆਦਰ-ਸੂਚਕ ਸ਼ਬਦ ਬਹੁ ਵਚਨ ਰੂਪ ਵਿੱਚ ਇੱਕ ਵਚਨ ਲਈ ਵਰਤੇ ਜਾਂਦੇ ਹਨ, ਜਿਵੇਂ :
ਤੂੰ - ਤੁਸੀਂ    ਮੈਂ - ਅਸੀਂ
ਤੇਰਾ - ਤੁਹਾਡਾ    ਉਹ - ਉਹਨਾਂ ।

ਨੋਟ : ਵਚਨ ਦੇ ਬਦਲਣ ਨਾਲ਼ ਵਾਕ ਵਿਚਲੇ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼ਬਦਾਂ ਦਾ ਰੂਪ ਵੀ ਬਦਲਦਾ ਹੈ, ਜਿਵੇਂ :

ਚਿੱਟਾ ਘੋੜਾ ਦੌੜਦਾ ਹੈ।
ਚਿੱਟੇ ਘੋੜੇ ਦੌੜਦੇ ਹਨ।
ਉੱਚੀ ਇਮਾਰਤ ਦੂਰੋਂ ਦਿਸਦੀ ਹੈ।
ਉੱਚੀਆ ਇਮਾਰਤਾਂ ਦੂਰੋਂ ਦਿਸਦੀਆਂ ਹਨ।

Scanned by CamScanner



# ਲਿੰਗ



ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਤ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਦੋ ਪ੍ਰਕਾਰ ਦੇ ਲਿੰਗ ਸ਼ਬਦ ਹਨ- ਪੁਲਿੰਗ ਅਤੇ ਇਸਤਰੀ ਲਿੰਗ, ਜਿਵੇਂ: ਮੁੰਡਾ, ਤੋਤਾ, ਸ਼ੇਰ ਪੁਲਿੰਗ ਸ਼ਬਦ ਹਨ ਅਤੇ ਕੁੜੀ, ਤੋਤੀ, ਸ਼ੇਰਨੀ ਇਸਤਰੀ ਲਿੰਗ ਸ਼ਬਦ ਹਨ।

ਪੰਜਾਬੀ ਵਿੱਚ ਪੁਲਿੰਗ ਤੋਂ ਇਸਤਰੀ-ਲਿੰਗ ਬਣਾਉਣ ਦੇ ਕੁਝ ਨਿਯਮ :-

1.(ੳ) ਅੰਤ ਵਿੱਚ ਬਿਹਾਰੀ ਲਾ ਕੇ (ੀ) :
ਕੁੱਕੜ-ਕੁੱਕੜੀ ਦਾਸ-ਦਾਸੀ ਗੁੱਜਰ-ਗੁੱਜਰੀ

(ਅ) ਅੰਤ ਵਿੱਚ ਕੰਨਾ (ਾ) ਲਾ ਕੇ :
ਸੇਵਕ-ਸੇਵਕਾ ਲੇਖਕ-ਲੇਖਕਾ ਪਾਠਕ-ਪਾਠਕਾ

(ੲ) ਅੰਤ ਵਿੱਚ (ਨੀ) ਲਾ ਕੇ :
ਸ਼ੇਰ-ਸ਼ੇਰਨੀ ਫ਼ਕੀਰ-ਫ਼ਕੀਰਨੀ ਸੇਵਾਦਾਰ-ਸੇਵਾਦਾਰਨੀ

(ਸ) ਅੰਤ ਵਿੱਚ (ਣੀ) ਲਾ ਕੇ :
ਸੰਤ-ਸੰਤਣੀ ਰਾਗ-ਰਾਗਣੀ ਕੁੜਮ-ਕੁੜਮਣੀ

(ਹ) ਅੰਤ ਵਿੱਚ 'ਕੰਨਾ' ਅਤੇ 'ਣੀ' ਲਾ ਕੇ :
ਸੇਠ-ਸੇਠਾਣੀ ਨੌਕਰ-ਨੌਕਰਾਣੀ ਮੁਗ਼ਲ-ਮੁਗ਼ਲਾਣੀ

(ਕ) ਅੰਤ ਵਿੱਚ 'ੜੀ' ਲਾ ਕੇ :
ਸੂਤ-ਸੂਤੜੀ ਸੰਦੂਕ-ਸੰਦੂਕੜੀ ਬਾਲ-ਬਾਲੜੀ

2. (ੳ) ਬਿਹਾਰੀ ਦੀ ਥਾਂ 'ਨ' ਲਾ ਕੇ :
ਹਾਣੀ-ਹਾਣਨ ਖਿਡਾਰੀ-ਖਿਡਾਰਨ

(ਅ) ਬਿਹਾਰੀ ਦੀ ਥਾਂ 'ਣ' ਲਾ ਕੇ :
ਮਾਲੀ-ਮਾਲਣ ਸਾਥੀ-ਸਾਥਣ

Scanned by CamScanner

(ਦ) ਅੰਤ ਵਿੱਚ ਬਿਹਾਰੀ ਦੀ ਥਾਂ ਸਿਹਾਰੀ ਲਾ ਕੇ ਅਤੇ ਨਾਲ਼ 'ਣ' ਲਾ ਕੇ :

ਹਲਵਾਈ - ਹਲਵਾਇਣ ਕਸਾਈ - ਕਸਾਇਣ

3 [redacted] (ੳ) ਕੰਨੇ ਦੀ ਥਾਂ 'ਬਿਹਾਰੀ' ਲਾ ਕੇ :

ਮਾਮਾ - ਮਾਮੀ ਮੁਰਗ਼ਾ - ਮੁਰਗੀ

(ਅ) ਕੰਨੇ ਦੀ ਥਾਂ 'ਨ' ਲਾ ਕੇ :

ਸਪੇਰਾ - ਸਪੇਰਨ ਲੁਟੇਰਾ - ਲੁਟੇਰਨ

(ੲ) ਜਿਹੜੇ ਪੁਲਿੰਗ ਸ਼ਬਦਾਂ ਦੇ ਅੰਤਲੇ ਅੱਖਰ ਨੂੰ (ਬਿਹਾਰੀ + ਆ) ਈਆ ਆਉਂਦਾ ਹੈ ਉਥੇ ਈਆ ਦੀ ਥਾਂ 'ਨ' ਜਾਂ 'ਣ' ਲੱਗਦਾ ਹੈ :

ਪਹਾੜੀਆ - ਪਹਾੜਨ ਦੁਆਬੀਆ - ਦੁਆਬਣ

4. ਕੁਝ ਪਰਿਵਰਤਨ ਗੁੰਝਲਦਾਰ ਹਨ :

ਪਿਤਾ - ਮਾਤਾ ਫੁੱਫੜ - ਭੂਆ ਮਾਸੜ - ਮਾਸੀ

5. ਕੁਝ ਰੂਪਾਂਤਰ ਕਿਸੇ ਨਿਯਮ ਵਿੱਚ ਨਹੀਂ ਆਉਂਦਾ:

ਮਰਦ - ਔਰਤ ਨਵਾਬ - ਬੇਗਮ ਵਰ - ਕੰਨਿਆ

6. ਆਮ ਤੌਰ ਤੇ ਵੱਡੇ ਅਕਾਰ ਦੀ ਵਸਤੂ ਲਈ ਵਰਤੇ ਜਾਂਦੇ ਸ਼ਬਦ ਪੁਲਿੰਗ ਅਤੇ ਛੋਟੇ ਆਕਾਰ ਦੀ ਵਸਤੂ ਲਈ ਇਸਤਰੀ ਲਿੰਗ ਸ਼ਬਦ ਵਰਤੇ ਜਾਂਦੇ ਹਨ,:

ਆਰਾ - ਆਰੀ ਡੱਬਾ - ਡੱਬੀ ਪੱਖਾ - ਪੱਖੀ

7. ਪੰਜਾਬੀ ਵਿੱਚ ਕਈ ਨਾਂਵ ਸ਼ਬਦ ਅਜਿਹੇ ਵੀ ਹਨ, ਜਿਨ੍ਹਾਂ ਦਾ ਕੋਈ ਵੀ ਵਿਰੋਧੀ ਲਿੰਗ ਰੂਪ ਵਾਲ਼ਾ ਕੋਈ ਸ਼ਬਦ ਨਹੀਂ ਮਿਲਦਾ, ਜਿਵੇਂ : ਦਰਖ਼ਤ, ਅਸਮਾਨ, ਅਨਾਜ, ਲੋਹਾ, ਭੂਚਾਲ, ਘਿਉ, ਚੰਨ, ਸੂਰਜ, ਤੇਲ, ਪਿਆਰ ਆਦਿ

Scanned by CamScanner

# ਵਿਸਮਿਕ



ਜਿਹੜੇ ਸ਼ਬਦ ਅੰਦਰੂਨੀ ਭਾਵਾਂ ਨੂੰ ਪ੍ਰਗਟ ਕਰਨ ਲਈ ਆਪ ਮੁਹਾਰੇ ਹੀ ਮੂੰਹੋਂ ਨਿਕਲਣ ਉਨ੍ਹਾਂ ਨੂੰ ਵਿਸਮਿਕ ਕਿਹਾ ਜਾਂਦਾ ਹੈ। ਜਿਵੇਂ: ਉਫ਼, ਤੌਬਾ, ਕਾਸ਼, ਸ਼ਾਬਾਸ਼, ਵਾਹ ਵਾਹ ਆਦਿ।

**ਵਿਸਮਿਕ ਨੌ ਪ੍ਰਕਾਰ ਦੇ ਹੁੰਦੇ ਹਨ:**

1. ਖੁਸ਼ੀ ਜਾਂ ਪ੍ਰਸੰਨਤਾ ਲਈ: ਵਾਹ ਵਾਹ!, ਆਹਾ!, ਸ਼ਾਬਾਸ਼ੇ!, ਕਮਾਲ ਕਰ ਦਿੱਤਾ!, ਸਦਕੇ!, ਬੱਲੇ ਬੱਲੇ!

2. ਦੁੱਖ ਲਈ: 'ਹਾਏ!, ਊਈ!, ਉੱਫ!





'ਹਾਏ' ਓਏ ਰੱਬਾ!
'ਊਈ' ਮਰ ਗਈ!
'ਅਫ਼ਸੋਸ! ਉਹ ਫ਼ੇਲ੍ਹ ਹੋ ਗਿਆ।


3. ਹੈਰਾਨੀ ਲਈ: ਹੈਂ!, ਅੱਛਾ!, ਉਹ!



'ਹੈਂ'! ਉਹ ਮਰ ਗਿਆ।
'ਅੱਛਾ'! ਤੂੰ ਪਾਸ ਹੋ ਗਿਆ।
'ਉਹ'! ਐਨਾ ਵੱਡਾ ਸੱਪ।

4. ਸੁਚੇਤ ਕਰਨ ਲਈ: ਵੇਖੀਂ ਓਏ!, ਹੁਸ਼ਿਆਰ!, ਖ਼ਬਰਦਾਰ!, ਸੰਭਲ ਕੇ!





'ਵੇਖੀਂ ਓਏ'! ਕਿਤੇ ਪੰਗਾ ਲੈ ਲਵੇਂ।
'ਖ਼ਬਰਦਾਰ'! ਜੇ ਇੱਕ ਕਦਮ ਵੀ ਅੱਗੇ ਵਧਾਇਆ।

Scanned by CamScanner

5. ਸੰਬੋਧਨ ਕਰਨ ਲਈ: ਵੇ!, ਕੀ!, ਓਏ!, ਅੜੀਏ!



'ਵੇ' ਕਿਥੇ ਚਲਿਐਂ!
'ਓਏ' ਮੁੰਡਿਆ!
'ਨੀ' ਕੁੜੀਏ!

6. ਸਤਿਕਾਰ ਲਈ:



ਜੀ ਆਇਆ ਨੂੰ!, ਆਓ ਜੀ
'ਆਓ ਜੀ'! ਸਾਡੇ ਧੰਨਭਾਗ!
'ਜੀ ਆਇਆਂ ਨੂੰ'!



7. ਫ਼ਿਟਕਾਰ ਲਈ: ਫ਼ਿਟੇ ਮੂੰਹ!, ਦੂਰ ਫ਼ਿਟੇ! ਬੇਸ਼ਰਮ!
ਮਰ ਪਰ੍ਹਾਂ!, ਲੱਖ ਲਾਹਨਤ!
'ਦੂਰ ਫ਼ਿਟੇ ਮੂੰਹ' ਤੇਰੇ!
'ਲੱਖ ਲਾਹਨਤ' ਹੈ ਤੇਰੇ
ਜੰਮਣ ਦੇ!
'ਮਰ ਪਰ੍ਹਾਂ! ਕਮੀਨਾ ਕਿਸੇ
ਥਾਂ ਦਾ!





8. ਅਸ਼ੀਰਵਾਦ ਲਈ: ਸੁਖੀ ਰਹਿ!, ਵਸਦਾ ਰਹਿ!,



ਜਿਊਂਦਾ ਰਹਿ!, ਸਾਂਈਂ ਜੀਵੇ!,
ਰੱਬ ਤੇਰਾ ਭਲਾ ਕਰੇ!
ਵਾਹਿਗੁਰੂ ਭਲਾ ਕਰੇ!



9. ਇੱਛਾ ਲਈ: ਹੇ ਕਰਤਾਰ!, ਹੇ ਵਾਹਿਗੁਰੂ!,
ਕਾਸ਼!, ਬਖਸ਼ ਲੈ!
'ਜੇ ਇੰਝ ਹੋ ਜਾਵੇ' ਤਾਂ ਮਜ਼ਾ ਆ ਜਾਵੇ!
'ਕਾਸ਼'! ਮੈਂ ਪ੍ਰਧਾਨ ਮੰਤਰੀ ਬਣ ਜਾਵਾਂ!

ਜਗਰੂਪ ਸਿੰਘ ਸੋਢੀ

Scanned by CamScanner

# ਵਰਨ ਜਾਂ ਅੱਖਰ-ਬੋਧ

ਬੋਲੀ ਚਾਹੇ ਪੰਜਾਬੀ ਹੋਵੇ ਜਾਂ ਕੋਈ ਹੋਰ, ਇਸ ਦੀਆਂ ਅਵਾਜ਼ਾਂ ਨੂੰ ਲਿਖਤੀ ਰੂਪ ਦੇਣ ਲਈ ਸਾਨੂੰ ਕੁਝ ਚਿੰਨ੍ਹ ਬਣਾਉਣੇ ਜਾਂ ਵਰਤਣੇ ਪੈਂਦੇ ਹਨ, ਬਸ ਉਨ੍ਹਾਂ ਨੂੰ ਹੀ ਅੱਖਰ ਕਿਹਾ ਜਾਂਦਾ ਹੈ। ਅੱਖਰ ਚਾਰ ਕਿਸਮ ਦੇ ਹਨ:

1. ਸ੍ਵਰ 2. ਵਿਅੰਜਨ 3. ਅਨੁਨਾਸਿਕ 4. ਦੁੱਤ

1. ਸ੍ਵਰ - ਸ੍ਵਰ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਦੂਸਰੇ ਹੋਰ ਅੱਖਰਾਂ ਦੀ ਸਹਾਇਤਾ ਨਹੀਂ ਲੈਣੀ ਪੈਂਦੀ। ਪੰਜਾਬੀ ਦੀ ਵਰਨਮਾਲਾ ਦੇ ਤਿੰਨ ਸ੍ਵਰ ਅੱਖਰ 'ੳ', 'ਅ', 'ੲ' ਹਨ। ਇਹਨਾਂ ਸ੍ਵਰ ਅੱਖਰਾਂ ਨਾਲ਼ ਲਗਾਂ ਲਗਾ ਕੇ ਦਸ ਸ੍ਵਰ ਧੁਨੀਆਂ ਬਣਦੀਆਂ ਹਨ: ਅ ਆ ਇ ਈ ਉ ਊ ਏ ਐ ਓ ਔ

2. ਵਿਅੰਜਨ - ੳ, ਅ, ੲ, (ਸ੍ਵਰ) ਤੋਂ ਬਿਨਾਂ ਬਾਕੀ ਸਾਰੇ ਅੱਖਰ ਵਿਅੰਜਨ ਹਨ। ਵਿਅੰਜਨ ਉਹ ਅੱਖਰ ਹਨ ਜੋ ਸੁਰ ਦੀਆਂ ਅਵਾਜ਼ਾਂ ਦੀ ਸਹਾਇਤਾ ਲੈ ਕੇ ਬੋਲੇ ਜਾਂਦੇ ਹਨ। ਪੰਜਾਬੀ ਵਰਨਮਾਲਾ ਵਿੱਚ ਸ ਤੋਂ ੜ + ਲ਼ ਤੱਕ 32+6 = 38 ਵਿਅੰਜਨ ਹਨ।

3. ਅਨੁਨਾਸਕੀ ਵਿਅੰਜਨ - ਅਨੁਨਾਸਿਕ ਤੋਂ ਭਾਵ ਉਨ੍ਹਾਂ ਅੱਖਰਾਂ ਤੋਂ ਹੈ ਜਿਨ੍ਹਾਂ ਦੀ ਅਵਾਜ਼ ਸਾਡੇ ਨੱਕ ਰਾਹੀਂ ਨਿਕਲਦੀ ਹੈ। ਇਹ ਪੰਜ ਅੱਖਰ ਙ ਞ ਣ ਨ ਮ ਹਨ।

4. ਦੁੱਤ ਅੱਖਰ - ਦੋ ਅੱਖਰਾਂ ਦੇ ਮੇਲ ਤੋਂ ਬਣੇ ਹੋਏ ਅੱਖਰ ਨੂੰ 'ਦੁੱਤ' ਆਖਿਆ ਜਾਂਦਾ ਹੈ ਜਾਂ ਜੋ ਅੱਖਰ ਕਿਸੇ ਹੋਰ ਅੱਖਰ ਦੇ ਪੈਰੀਂ ਪੈ ਕੇ ਸਾਂਝੀ ਅਵਾਜ਼ ਪੈਦਾ ਕਰਦਾ ਹੈ। 'ਹ', 'ਰ', 'ਵ' ਦੂਜੇ ਅੱਖਰਾਂ ਦੇ ਪੈਰਾਂ ਵਿੱਚ ਅੱਧੇ ਰੂਪ ਵਿੱਚ ਵਰਤੇ ਜਾਂਦੇ ਹਨ।

ਸਤਨਾਮ ਸਿੰਘ ਸੋਖੀ

Scanned by CamScanner

# ਵਿਰੋਧੀ ਸ਼ਬਦ

ਜਿਹੜੇ ਸ਼ਬਦ ਇੱਕ-ਦੂਜੇ ਦੇ ਉਲਟ ਅਰਥ ਦਿੰਦੇ ਹਨ, ਉਹਨਾਂ ਸ਼ਬਦਾਂ ਨੂੰ ਅਸੀਂ **ਵਿਰੋਧੀ** ਜਾਂ **ਉਲਟ ਭਾਵੀ ਸ਼ਬਦ** ਆਖਦੇ ਹਾਂ, ਜਿਵੇਂ .....

| | | | |
|---|---|---|---|
| ਉੱਚਾ | ਨੀਵਾਂ | ਹਾਂ | ਨਾਂਹ |
| ਉਧਾਰ | ਨਕਦ | ਹਿੰਸਾ | ਅਹਿੰਸਾ |
| ਉੱਤਰ | ਪ੍ਰਸ਼ਨ | ਹਰਿਆ | ਸੜਿਆ |
| ਅਗਲਾ | ਪਿਛਲਾ | ਹੱਕ | ਨਿਹੱਕ |
| ਅਮਨ | ਜੰਗ | ਕਮਾਊ | ਨਿਖੱਟੂ |
| ਅਸਲੀ | ਨਕਲੀ | ਕਮਜ਼ੋਰ | ਤਕੜਾ |
| ਆਪਣਾ | ਪਰਾਇਆ | ਕਾਲ | ਸੁਕਾਲ |
| ਅਰਸ਼ | ਫਰਸ਼ | ਕਲਯੁੱਗ | ਸਤਿਯੁੱਗ |
| ਅੱਧਾ | ਪੂਰਾ | ਖ਼ਰੀਦਣਾ | ਵੇਚਣਾ |
| ਅਵੇਰ | ਸਵੇਰ | ਖੜ੍ਹਾ | ਬੈਠਾ |
| ਏਕ | ਅਨੇਕ | ਖਾਰਾ | ਮਿੱਠਾ |
| ਇਨਾਮ | ਜੁਰਮਾਨਾ / ਸਜ਼ਾ | ਖ਼ਾਸ | ਆਮ |
| ਇਸ | ਉਸ | ਖੱਬਾ | ਸੱਜਾ |
| ਸਜੀਵ | ਨਿਰਜੀਵ | ਗਿੱਲਾ | ਸੁੱਕਾ |
| ਸਨਮਾਨ | ਅਪਮਾਨ | ਗੋਰਾ | ਕਾਲ਼ਾ |
| ਸਹੀ | ਗਲਤ | ਗਿੱਠਾ | ਲੰਬੂ |
| ਸੱਜਣ | ਦੁਸ਼ਮਣ | ਚੰਗਾ | ਮੰਦਾ |
| ਸੁੰਦਰ | ਕੋਝਾ | ਚੌੜਾਈ | ਲੰਬਾਈ |
| | | ਚਤਰ | ਮੂਰਖ |

Scanned by CamScanner

| | | | |
|---|---|---|---|
| ਚੰਗਾ | ਮੰਦਾ | ਥਕਾਵਟ | ਅਰਾਮ |
| ਛੇਤੀ | ਦੇਰ | ਥਲ | ਜਲ |
| ਛੱਡਣਾ | ਫੜਨਾ | ਦੂਰ | ਨੇੜੇ |
| ਛੂਤ | ਅਛੂਤ | ਦੂਰੀ | ਨੇੜਤਾ |
| ਜ਼ਬਰ | ਸਬਰ | ਦੇਵਤਾ | ਰਾਖਸ਼ |
| ਜਟਾਜੂਟ | ਘੋਨਮੋਨ | ਦੇਸ | ਵਿਦੇਸ / ਪ੍ਰਦੇਸ |
| ਜੱਮ | ਅਪਜੱਮ | ਧੁੱਪ | ਛਾਂ |
| ਜਾਣਾ | ਆਉਣਾ | ਧਰਤੀ | ਅਕਾਸ਼ |
| ਝਟਪਟ | ਦੇਰ ਨਾਲ | ਨਿਮਰ | ਕਠੋਰ |
| ਝਿੜਕਣਾ | ਦੁਲਾਰਨਾ | ਨਿੱਕਾ | ਵੱਡਾ |
| ਟੇਢਾ | ਸਿੱਧਾ | ਨਵੀਨ | ਪੁਰਾਤਨ |
| ਠੱਗ | ਭਲਾਮਾਣਸ | ਨਰਕ | ਸਵਰਗ |
| ਠੱਪ | ਸ਼ੁਰੂ | ਨੌਕਰ | ਮਾਲਕ |
| ਠੋਕਣਾ | ਉਖਾੜਨਾ | ਨੇਕੀ | ਬਦੀ |
| ਠੀਕ | ਗ਼ਲਤ | ਪੱਕਾ | ਕੱਚਾ |
| ਡੱਕਣਾ | ਤੋਰਨਾ | ਪਤਲਾ | ਮੋਟਾ |
| ਡਰਾਕਲ | ਨਿੱਡਰ | ਪਾਲਾ | ਗਰਮੀ |
| ਢੱਕਣਾ | ਖੋਲ੍ਹਣਾ | ਬਖੇੜਾ | ਸੋੜ੍ਹਾ |
| ਤੁਸੀਂ | ਅਸੀਂ | ਬਰਬਾਦ | ਅਬਾਦ |
| ਤੰਗ | ਖੁੱਲ੍ਹਾ | ਭਲਾ | ਬੁਰਾ |
| ਤਾਜ਼ਾ | ਬਾਸੀ, ਬੇਹਾ | ਭਾਰਾ | ਹਲਕਾ |
| ਧੁੱਪ | ਛਾਂ | ਮਰਣਾ | ਜੀਣਾ |
| | | ਮੈਲਾ | ਉਜਲਾ |
| | | ਯਾਦ | ਭੁਲੇਖਾ |
| | | ਲੋਕ | ਪਰਲੋਕ |

ਜਗਤਾਰ ਸਿੰਘ ਸੋਖੀ ਪੰਜਾਬੀ ਮਾਸਟਰ

Scanned by CamScanner

# ਸਮਾਨਾਰਥਕ ਸ਼ਬਦ

'ਸਮਾਨਾਰਥਕ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ:- ਸਮਾਨ+ਅਰਥਕ। ਸਮਾਨ ਤੋਂ ਭਾਵ ਹੈ: ਇੱਕੋ ਜਿਹਾ ਅਤੇ ਅਰਥਕ ਤੋਂ ਭਾਵ ਹੈ: ਅਰਥ ਵਾਲ਼ਾ। ਉਹ ਸ਼ਬਦ ਜੋ ਵੱਖ-ਵੱਖ ਹੁੰਦੇ ਹੋਏ ਵੀ ਇੱਕ ਹੀ ਅਰਥ ਪ੍ਰਗਟ ਕਰਦੇ ਹਨ, ਉਹ ਸਮਾਨਾਰਥਕ ਸ਼ਬਦ ਹੁੰਦੇ ਹਨ:-

| | |
|---|---|
| ਉਪਕਾਰ | ਭਲਿਆਈ, ਨੇਕੀ, ਉਦਾਰਤਾ |
| ਅਕਾਸ਼ | ਅਸਮਾਨ, ਗਗਨ, ਅੰਬਰ |
| ਔਰਤ | ਇਸਤਰੀ, ਤੀਵੀਂ, ਜਨਾਨੀ |
| ਆਦਰ | ਮਾਣ, ਸਨਮਾਨ, ਸਤਿਕਾਰ |
| ਅਧਿਆਪਕ | ਉਸਤਾਦ, ਗੁਰੂ, ਸਿੱਖਿਅਕ |
| ਅਨੁਮਾਨ | ਅੰਦਾਜ਼ਾ, ਉਮੀਦ, ਖ਼ਿਆਲ |
| ਈਸ਼ਵਰ | ਪ੍ਰਭੂ, ਪਰਮਾਤਮਾ, ਰੱਬ |
| ਸਫ਼ੈਦ | ਚਿੱਟਾ, ਉੱਜਲ |
| ਸਬਜ਼ੀ | ਭਾਜੀ, ਸਲੂਣਾ |
| ਸਰੀਰ | ਦੇਹ, ਬਦਨ, ਪਿੰਡ |
| ਸੁੰਦਰ | ਖ਼ੂਬਸੂਰਤ, ਸੋਹਣਾ, ਪਿਆਰਾ |



Scanned by CamScanner

| | |
|---|---|
| ਸੇਵਕ | ਨੌਕਰ, ਸੇਵਾਦਾਰ, ਖ਼ਿਦਮਤਗਾਰ |
| ਸ਼੍ਰੇਣੀ | ਜਮਾਤ, ਕਲਾਸ |
| ਕਿਤਾਬ | ਪੋਥੀ, ਪੁਸਤਕ |
| ਚਲਾਕ | ਚੁਸਤ, ਚਤੁਰ, ਸਿਆਣਾ |
| ਦਾਨਵ | ਦੈਂਤ, ਰਾਖਸ਼, ਅਸੁਰ |
| ਦੁੱਖ | ਪੀੜ, ਕਸ਼ਟ, ਮੁਸੀਬਤ |
| ਧੰਨਵਾਦ | ਮਿਹਰਬਾਨੀ, ਸ਼ੁਕਰੀਆ |
| ਪੰਛੀ | ਪੰਖੇਰੂ, ਉਡਾਰੂ |
| ਧਰਤੀ | ਭੂਮੀ, ਜ਼ਮੀਨ, ਪ੍ਰਿਥਵੀ |
| ਪਾਣੀ | ਜਲ, ਨੀਰ |
| ਪਵਿੱਤਰ | ਸ਼ੁੱਧ, ਖ਼ਾਲਸ |
| ਪਿਆਰ | ਪ੍ਰੇਮ, ਮੁਹੱਬਤ, ਪ੍ਰੀਤ |
| ਪਰੇਸ਼ਾਨੀ | ਮੁਸੀਬਤ, ਸਮੱਸਿਆ, ਦਿੱਕਤ |
| ਮੰਤਵ | ਉਦੇਸ਼, ਮਕਸਦ, ਮਨੋਰਥ |
| ਵਿਦਿਆਰਥੀ | ਸਿਖਾਂਦਰੂ, ਸ਼ਾਗਿਰਦ, ਚੇਲਾ |
| ਮੂਰਖ | ਬੁੱਧੂ, ਗਵਾਰ, ਸ਼ੁਦਾਈ |
| ਮਨੁੱਖ | ਆਦਮੀ, ਨਰ, ਮਾਨਵ |
| ਵਿੱਦਿਆ | ਸਿੱਖਿਆ, ਪੜ੍ਹਾਈ |



ਜਗਤਾਰ ਸਿੰਘ ਸੋਢੀ (ਪੰਜਾਬੀ ਮਾਸਟਰ)

Scanned by CamScanner

# ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਦੀ ਵਰਤੋਂ ਨਾਲ ਦੂਸਰੇ ਨੂੰ ਸੌਖਿਆਈ ਨਾਲ ਸਮਝਾਇਆ ਜਾ ਸਕਦਾ ਹੈ ਅਤੇ ਸਮੇਂ ਦੀ ਵੀ ਬੱਚਤ ਹੁੰਦੀ ਹੈ। ਇਸ ਨਾਲ ਭਾਸ਼ਾ ਦੀ ਸਮਰੱਥਾ ਦਾ ਗਿਆਨ ਹੁੰਦਾ ਹੈ।

| ਬਹੁਤੇ ਸ਼ਬਦ | ਇੱਕ ਸ਼ਬਦ |
|---|---|
| ਜੋ ਅੱਜਕੱਲ੍ਹ ਦੇ ਸਮੇਂ ਦਾ ਹੋਵੇ | ਅਜੋਕਾ |
| ਜੋ ਜਿੱਤਿਆ ਨਾ ਜਾ ਸਕੇ | ਅਜਿੱਤ |
| ਜੋ ਗੱਲ ਵਾਪਰ ਨਾ ਸਕੇ | ਅਣਹੋਣੀ |
| ਜੋ ਬਹੁਤ ਥੋੜ੍ਹਾ ਖਾਵੇ ਪੀਵੇ | ਅਲਪਾਹਾਰੀ |
| ਕਿਸੇ ਦੇ ਮਰਨ ਤੇ ਤੀਵੀਆਂ ਦਾ ਰੋਣਾ ਪਿੱਟਣਾ | ਸਿਆਪਾ |
| ਵਿਹਲੜਪੁਣੇ ਦਾ ਸ਼ੌਕੀਨ | ਹੱਡਰੱਖ |
| ਜੋ ਆਪਣੇ ਬਿਨਾਂ ਕਿਸੇ ਨੂੰ ਪਸੰਦ ਨਾ ਕਰੇ | ਖ਼ੁਦ - ਪਸੰਦ |
| ਜਿਹੜੀ ਜੰਗ ਕਿਸੇ ਦੇਸ਼ ਦੇ ਵਸਨੀਕਾਂ ਦੇ ਆਪੋ ਵਿੱਚ ਹੋਵੇ | ਘਰੇਲੂ - ਜੰਗ, ਖਾਨਾ ਜੰਗੀ |
| ਉਹ ਲੜਾਈ, ਜਿੱਥੇ ਬਹੁਤ ਸਾਰੇ ਵੱਢੇ, ਮਾਰੇ ਜਾਣ | ਘੱਲੂਘਾਰਾ |
| ਜਿਸ ਦੇ ਹੱਥ ਦੀਆਂ ਛੇ ਉਂਗਲਾਂ ਹੋਣ | ਛਾਂਗਾ |
| ਜਿਸ ਦੇ ਕੰਨ ਬਹੁਤ ਲੰਬੇ ਹੋਣ | ਛੱਜ - ਕੰਨਾ |
| ਚੂੜੀਆਂ ਬਣਾਉਣ ਤੇ ਵੇਚਣ ਵਾਲਾ | ਵਣਜਾਰਾ |
| ਉਹ ਥਾਂ ਜਿੱਥੇ ਕਿਤਾਬਾਂ ਆਦਿ ਛਾਪਣ ਦਾ ਕੰਮ ਹੋਵੇ: | ਛਾਪਾਖਾਨਾ |
| ਇੱਕ ਪਾਸੇ ਦੀ ਅਯੋਗ ਰਿਆਇਤ ਕਰਨੀ | ਪੱਖਪਾਤ |
| ਦੇਖਾ ਦੇਖੀ ਕੋਈ ਕੰਮ ਕਰਨਾ | ਭੇਡ ਚਾਲ |
| ਗੁਰੂ ਦੀ ਆਗਿਆ ਮੰਨਣ ਵਾਲਾ | ਗੁਰਮੁਖ |
| ਮਨ ਦੇ ਕਹੇ ਅਨੁਸਾਰ ਚੱਲਣ ਵਾਲਾ | ਮਨਮੁਖ |
| ਆਪਣੀ ਹੀ ਰਾਏ ਮੁਤਾਬਕ ਕੰਮ ਕਰਨ ਵਾਲਾ | ਆਪ-ਮਤੀਆ |

Scanned by CamScanner

| | |
|---|---|
| ਉਹ ਆਦਮੀ ਜੋ ਜਾਣ ਕੇ ਅਣਜਾਣ ਬਣੇ | ਮਚਲਾ |
| ਉਹ ਅਖ਼ਬਾਰ ਜੋ ਰੋਜ਼ ਛਪੇ | ਦੈਨਿਕ-ਪੱਤਰ |
| ਉਹ ਅਖ਼ਬਾਰ ਜੋ ਹਫ਼ਤੇ ਬਾਅਦ ਛਪੇ | ਸਪਤਾਹਿਕ-ਪੱਤਰ |
| ਉਹ ਅਖ਼ਬਾਰ ਜੋ ਮਹੀਨੇ ਬਾਅਦ ਛਪੇ | ਮਾਸਿਕ-ਪੱਤਰ |
| ਉਹ ਮਨੁੱਖ ਜੋ ਮਾਸ ਖਾਂਦਾ ਹੋਵੇ | ਮਾਸਾਹਾਰੀ |
| ਉਹ ਮਨੁੱਖ ਜੋ ਮਾਸ ਨਾ ਖਾਂਦਾ ਹੋਵੇ | ਸ਼ਾਕਾਹਾਰੀ |
| ਉਹ ਮਨੁੱਖ ਜੋ ਸਿਰਫ਼ ਫਲ ਖਾਂਦਾ ਹੋਵੇ | ਫਲਾਹਾਰੀ |
| ਉਹ ਮਨੁੱਖ ਜੋ ਬਹੁਤ ਲੰਮਾ ਹੋਵੇ | ਲੰਮਦੀਂਗ |
| ਉਹ ਮਨੁੱਖ ਜੋ ਬਹੁਤ ਛੋਟਾ ਹੋਵੇ | ਗਿੱਠਮੁੱਠੀਆ |
| ਉਹ ਮਨੁੱਖ ਜੋ ਬਹੁਤ ਗੱਲਾਂ ਕਰਦਾ ਹੋਵੇ | ਗਾਲੜੀ |
| ਉਹ ਮਨੁੱਖ ਜੋ ਬੜੇ ਨਖਰੇ ਕਰੇ | ਨਖਰੇਲੂ |
| ਉਹ ਮਨੁੱਖ ਜੋ ਪਚਾਕੇ ਮਾਰ-ਮਾਰ ਕੇ ਖਾਵੇ | ਪਚਾਕੂ |
| ਸੱਤ ਦਿਨਾਂ ਦਾ ਨਾ | ਹਫ਼ਤਾ |
| ਦੋ ਨਦੀਆਂ ਦੇ ਵਿਚਕਾਰ ਦਾ ਇਲਾਕਾ | ਦੁਆਬਾ |
| ਉਹ ਵਿਅਕਤੀ ਜੋ ਆਪਣੇ ਆਪ ਨੂੰ ਮਾਰ ਲਵੇ | ਆਤਮ ਘਾਤੀ |
| ਜਿੱਥੇ ਦੋ ਰਸਤੇ ਨਿੱਕਲਦੇ ਹੋਣ | ਦੋ-ਰਾਹਾ |
| ਦੋਵੇਂ ਪਾਸੇ ਹੋਣ ਵਾਲਾ | ਦੋਗਾਲਾ |
| ਜਿਹੜਾ ਚੰਗੇ ਸੁਭਾਅ ਵਾਲਾ ਹੋਵੇ | ਸੁਸ਼ੀਲ |
| ਜਿਹੜਾ ਬੱਚਾ ਉੱਨਤੀ ਕਰਨ ਵਾਲਾ ਹੋਵੇ | ਹੋਣਹਾਰ |
| ਤਮਾਸ਼ਾ ਦੇਖਣ ਵਾਲੇ | ਤਮਾਸ਼ਬੀਨ |
| ਉਹ ਮਨੁੱਖ ਜੋ ਕਿਸੇ ਤਰ੍ਹਾਂ ਵੀ ਖ਼ੁਸ਼ ਨਾ ਹੋਵੇ | ਅਵੈੜਾ |
| ਗਰਮੀਆਂ ਵਿੱਚ ਤੇਜ਼ ਵਗਦੀ ਗਰਮ ਹਵਾ | ਲੂ |
| ਪੂਰਬ ਵੱਲੋਂ ਆਉਂਦੀ ਹਵਾ | ਪੁਰਾ |
| ਪੱਛਮ ਵੱਲੋਂ ਆਉਂਦੀ ਹਵਾ | ਪੱਛੋਂ |

ਜਗਤਾਰ ਸਿੰਘ ਸੋਢੀ